# ਪ੍ਰੀ-ਸਕੂਲ ਫੀਲਡ ਅਫ਼ਸਰ ਪ੍ਰੋਗਰਾਮ

## ਪ੍ਰੀ-ਸਕੂਲ ਫੀਲਡ ਅਫ਼ਸਰ (PSFO) ਪ੍ਰੋਗਰਾਮ ਕੀ ਹੈ?

PSFO ਪ੍ਰੋਗਰਾਮ ਵਿਕਟੋਰੀਆ ਦੀ ਸਰਕਾਰ ਦੁਆਰਾ ਮਾਲੀ ਸਹਾਇਤਾ ਪ੍ਰਾਪਤ ਕਿੰਡਰਗਾਰਟਨ ਸੇਵਾਵਾਂ ਨੂੰ ਵਿਹਾਰਕ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ ਤਾਂ ਜੋ ਵਾਧੂ ਲੋੜਾਂ ਵਾਲੇ ਬੱਚਿਆਂ ਨੂੰ ਸ਼ਮੂਲੀਅਤ, ਪਹੁੰਚ, ਸਿੱਖਿਆ ਅਤੇ ਵਿਕਾਸ ਅਤੇ ਅਰਥਪੂਰਨ ਹਿੱਸੇਦਾਰੀ ਪ੍ਰਦਾਨ ਕਰਨ ਲਈ ਕਿੰਡਰਗਾਰਟਨ ਸੇਵਾਵਾਂ ਦੀ ਸਮਰੱਥਾ ਦਾ ਨਿਰਮਾਣ ਕੀਤਾ ਜਾ ਸਕੇ।

PSFO ਜਾਣਕਾਰੀ, ਸਰੋਤਾਂ, ਪ੍ਰੋਗਰਾਮ ਦੀਆਂ ਰਣਨੀਤੀਆਂ, ਬੱਚੇ ਦੀਆਂ ਵਾਧੂ ਲੋੜਾਂ ਦੀ ਅਧਿਆਪਕ ਦੁਆਰਾ ਪਛਾਣ ਕਰਨ ਵਿੱਚ ਯੋਗਦਾਨ ਪਾਉਣ, ਅਧਿਆਪਕ ਦੀ ਕੋਚਿੰਗ, ਵਿਸ਼ੇਸ਼ ਰਣਨੀਤੀਆਂ ਦੀ ਮਾਡਲਿੰਗ ਅਤੇ ਰੈਫ਼ਰਲ ਵਾਲੇ ਰਸਤਿਆਂ ਦੀ ਪਛਾਣ ਸਮੇਤ ਕਈ ਸਹਾਇਤਾਵਾਂ ਪ੍ਰਦਾਨ ਕਰਦੇ ਹਨ। ਇਹ ਸਹਾਇਤਾਵਾਂ ਅਧਿਆਪਕਾਂ ਨੂੰ ਸ਼ਮੂਲੀਅਤ ਵਾਲੇ ਕਿੰਡਰਗਾਰਟਨ ਪ੍ਰੋਗਰਾਮ ਦੀ ਯੋਜਨਾ ਬਣਾਉਣ ਅਤੇ ਪ੍ਰਦਾਨ ਕਰਨ ਲਈ ਉਨ੍ਹਾਂ ਦੇ ਵਿਸ਼ਵਾਸ, ਗਿਆਨ ਅਤੇ ਹੁਨਰਾਂ ਨੂੰ ਉਸਾਰਨ ਵਿੱਚ ਸਹਾਇਤਾ ਕਰਦੀਆਂ ਹਨ ਜੋ ਵਾਧੂ ਲੋੜਾਂ ਵਾਲੇ ਬੱਚਿਆਂ ਦੀਆਂ ਲੋੜਾਂ ਪ੍ਰਤੀ ਜਵਾਬਦੇਹ ਹੈ।

## PSFO ਸੇਵਾ ਲਈ ਕੌਣ ਯੋਗ ਹੈ?

ਵਿਕਟੋਰੀਆ ਦੇ ਸਾਰੇ ਮਾਲੀ ਸਹਾਇਤਾ ਪ੍ਰਾਪਤ ਕਿੰਡਰਗਾਰਟਨ ਪ੍ਰੋਗਰਾਮ ਇਸ ਪ੍ਰੋਗਰਾਮ ਵਿੱਚ ਵਾਧੂ ਲੋੜਾਂ ਵਾਲੇ ਬੱਚਿਆਂ ਦੀ ਪਹੁੰਚ, ਸ਼ਮੂਲੀਅਤ ਅਤੇ ਹਿੱਸੇਦਾਰੀ ਦਾ ਸਮਰਥਨ ਕਰਨ ਲਈ PSFO ਸੇਵਾ ਪ੍ਰਾਪਤ ਕਰਨ ਦੇ ਯੋਗ ਹਨ। ਇਸ ਵਿੱਚ ਚਾਰ ਸਾਲ ਦੀ ਉਮਰ ਵਾਲੇ ਕਿੰਡਰਗਾਰਟਨ, ਮਾਲੀ ਸਹਾਇਤਾ ਪ੍ਰਾਪਤ ਕਰਨ ਵਾਲੇ ਤਿੰਨ ਸਾਲ ਦੀ ਉਮਰ ਵਾਲੇ ਕਿੰਡਰਗਾਰਟਨ ਅਤੇ ਅਰਲੀ ਸਟਾਰਟ ਕਿੰਡਰਗਾਰਟਨ ਵਿੱਚ ਦਾਖਲ ਬੱਚੇ ਸ਼ਾਮਲ ਹਨ।

## ਵਾਧੂ ਲੋੜਾਂ ਵਾਲੇ ਬੱਚੇ

PSFO ਪ੍ਰੋਗਰਾਮ ਵਾਧੂ ਲੋੜਾਂ ਵਾਲੇ ਬੱਚਿਆਂ ਨੂੰ ਵਿਕਾਸ ਦੀਆਂ ਚਿੰਤਾਵਾਂ ਨਾਲ ਦਾਖਲ ਹੋਣ ਵਾਲੇ ਬੱਚਿਆਂ ਵਜੋਂ ਪਰਿਭਾਸ਼ਿਤ ਕਰਦਾ ਹੈ। ਬੋਲਣ ਵਿੱਚ ਦੇਰੀ ਜਾਂ ਚੁਣੌਤੀਪੂਰਨ ਵਿਵਹਾਰ ਤੋਂ ਲੈ ਕੇ ਕਈ ਸਾਰੀਆਂ ਅਪੰਗਤਾਵਾਂ ਵਾਲੇ ਬੱਚਿਆਂ ਤੱਕ ਵਿਕਾਸ ਸਬੰਧੀ ਚਿੰਤਾਵਾਂ ਬੱਚਿਆਂ ਦੇ ਵਿਕਾਸ ਦੇ ਕਿਸੇ ਵੀ ਖੇਤਰ ਨਾਲ ਜੁੜੀਆਂ ਹੋ ਸਕਦੀਆਂ ਹਨ। ਸਦਮੇ ਦੇ ਨਤੀਜੇ ਵਜੋਂ ਵਾਧੂ ਲੋੜਾਂ ਵਾਲੇ ਬੱਚੇ ਵੀ PSFO ਰੈਫ਼ਰਲ ਲਈ ਯੋਗ ਹਨ।

ਜੇ ਕਿਸੇ ਬੱਚੇ ਦੇ ਵਿਕਾਸ ਨੂੰ ਰਾਸ਼ਟਰੀ ਅਪੰਗਤਾ ਬੀਮਾ ਯੋਜਨਾ (NDIS) ਜਾਂ ਸਹਾਇਤਾ ਪ੍ਰਦਾਤੇ ਦੀ ਸ਼ੁਰੂਆਤੀ ਬਚਪਨ ਦੀ ਦਖਲਅੰਦਾਜ਼ੀ ਨਿਰੰਤਰਤਾ ਦੁਆਰਾ ਸਮਰਥਨ ਦਿੱਤਾ ਜਾਂਦਾ ਹੈ, ਤਾਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਸ਼ੁਰੂਆਤੀ ਬਚਪਨ ਦਾ ਅਧਿਆਪਕ ਪਰਿਵਾਰ ਨਾਲ ਸਲਾਹ-ਮਸ਼ਵਰਾ ਕਰਕੇ ਪਹਿਲੀ ਵਾਰ ਇਸ ਪ੍ਰਦਾਤੇ ਤੋਂ ਸਹਾਇਤਾ ਮੰਗੇਗਾ। ਸ਼ੁਰੂਆਤੀ ਬਚਪਨ ਦੇ ਦਖਲਅੰਦਾਜ਼ੀ ਪੇਸ਼ੇਵਰ ਅਜਿਹੀਆਂ ਰਣਨੀਤੀਆਂ ਪ੍ਰਦਾਨ ਕਰ ਸਕਦੇ ਹਨ ਜੋ ਬੱਚੇ ਨੂੰ ਆਪਣੇ ਸਾਥੀਆਂ ਨਾਲ ਸਿੱਖਣ ਦੇ ਤਜ਼ਰਬਿਆਂ ਵਿੱਚ ਅਰਥਪੂਰਨ ਹਿੱਸਾ ਲੈਣ ਵਿੱਚ ਸਹਾਇਤਾ ਕਰਦੀਆਂ ਹਨ ਜੋ ਹੋਰ ਹਾਲਾਤਾਂ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਰਣਨੀਤੀਆਂ ਦੇ ਅਨੁਕੂਲ ਹਨ ਜਿੱਥੇ ਬੱਚਾ ਆਪਣਾ ਸਮਾਂ ਬਿਤਾਉਂਦਾ ਹੈ।

## ਕੀ PSFO ਸੇਵਾ ਲਈ ਕੋਈ ਖ਼ਰਚਾ ਵੀ ਆਉਂਦਾ ਹੈ?

PSFO ਪ੍ਰੋਗਰਾਮ ਰਾਜ ਭਰ ਦੀਆਂ ਸਾਰੀਆਂ ਮਾਲੀ ਸਹਾਇਤਾ ਪ੍ਰਾਪਤ ਕਿੰਡਰਗਾਰਟਨ ਸੇਵਾਵਾਂ ਲਈ ਸਰਵਵਿਆਪੀ ਸੇਵਾ ਦੇ ਅੰਦਰ ਬਿਨਾਂ ਕਿਸੇ ਲਾਗਤ ਦੇ ਉਪਲਬਧ ਹੈ।

## PSFO ਸੇਵਾ ਕੌਣ ਪ੍ਰਦਾਨ ਕਰਦਾ ਹੈ?

ਸਿੱਖਿਆ ਅਤੇ ਸਿਖਲਾਈ ਵਿਭਾਗ ਰਾਜ ਭਰ ਵਿੱਚ PSFO ਸੇਵਾਵਾਂ ਪ੍ਰਦਾਨ ਕਰਨ ਲਈ ਭਾਈਚਾਰਕ ਸੇਵਾ ਸੰਗਠਨਾਂ ਅਤੇ ਸਥਾਨਕ ਕੌਂਸਲਾਂ ਨੂੰ ਮਾਲੀ ਸਹਾਇਤਾ ਦਿੰਦਾ ਹੈ। ਇਹ ਸੇਵਾ ਆਊਟਰੀਚ ਮਾਡਲ ਦੀ ਵਰਤੋਂ ਕਰਦੀ ਹੈ, ਜੋ PSFO ਨੂੰ ਕਿੰਡਰਗਾਰਟਨ ਪ੍ਰੋਗਰਾਮ ਅਤੇ ਮਾਹੌਲ ਦੇ ਅੰਦਰ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਬਣਾਉਂਦੀ ਹੈ।

## PSFO ਦੀਆਂ ਯੋਗਤਾਵਾਂ ਕੀ ਹਨ?

©ਵਿਕਟੋਰੀਆ ਰਾਜ (ਸਿੱਖਿਆ ਅਤੇ ਸਿਖਲਾਈ ਵਿਭਾਗ) 2021। ਇਸ ਤੋਂ ਇਲਾਵਾ ਜਿੱਥੇ ਹੋਰ ਨੋਟ ਕੀਤਾ ਗਿਆ ਹੈ, ਇਸ ਦਸਤਾਵੇਜ਼ ਵਿਚਲੀ ਸਮੱਗਰੀ ਕ੍ਰਿਏਟਿਵ ਕਾਮਨਜ਼ ਐਟਰੀਬਿਊਸ਼ਨ 4.0 ਇੰਟਰਨੈਸ਼ਨਲ ਦੇ ਤਹਿਤ ਪ੍ਰਦਾਨ ਕੀਤੀ ਗਈ ਹੈ ਕਿਰਪਾ ਕਰਕੇ ਪੂਰੇ ਕਾਪੀਰਾਈਟ ਨੋਟਿਸ ਦੀ ਜਾਂਚ ਕਰੋ

ਕਿਉਂਕਿ PSFO ਦੀ ਭੂਮਿਕਾ ਕਿੰਡਰਗਾਰਟਨ ਅਧਿਆਪਕਾਂ ਦੀ ਸਮਰੱਥਾ ਦਾ ਨਿਰਮਾਣ ਕਰਨਾ ਹੈ, ਇਸ ਲਈ PSFO ਨੂੰ ਸ਼ੁਰੂਆਤੀ ਬਚਪਨ ਦੇ ਅਧਿਆਪਕ ਦੀ ਡਿਗਰੀ ਯੋਗਤਾ ਰੱਖਣ ਦੇ ਨਾਲ-ਨਾਲ ਉੱਚ ਗੁਣਵੱਤਾ ਵਾਲੇ ਸ਼ਮੂਲੀਅਤ ਭਰੇ ਕਿੰਡਰਗਾਰਟਨ ਪ੍ਰੋਗਰਾਮਾਂ ਦੀ ਯੋਜਨਾ ਬਣਾਉਣ ਅਤੇ ਪ੍ਰਦਾਨ ਕਰਨ ਦਾ ਤਜਰਬਾ ਰੱਖਣ ਵਾਲਾ ਹੋਣਾ ਚਾਹੀਦਾ ਹੈ।

## ਕੀ PSFO ਪਰਿਵਾਰਾਂ ਨਾਲ ਰਲ ਕੇ ਕੰਮ ਕਰਦੇ ਹਨ?

PSFO ਕਿੰਡਰਗਾਰਟਨ ਪ੍ਰੋਗਰਾਮ ਦੇ ਪ੍ਰਸੰਗ ਵਿੱਚ ਕੰਮ ਕਰਦੇ ਹਨ। PSFO ਕਿੰਡਰਗਾਰਟਨ ਹਾਲਾਤਾਂ ਦੇ ਅੰਦਰ ਕਿਸੇ ਬੱਚੇ ਨੂੰ ਸਿੱਧੇ ਤੌਰ 'ਤੇ ਦਖਲ ਅੰਦਾਜ਼ੀ ਪ੍ਰਦਾਨ ਨਹੀਂ ਕਰਦਾ ਪਰ ਸ਼ੁਰੂਆਤੀ ਬਚਪਨ ਦੇ ਅਧਿਆਪਕ ਲਈ ਸਲਾਹਕਾਰ ਅਤੇ ਕੋਚ ਵਜੋਂ ਕੰਮ ਕਰਦਾ ਹੈ। ਇਸ ਪਹੁੰਚ ਵਿੱਚ ਕਿੰਡਰਗਾਰਟਨ ਦੇ ਹਾਲਾਤਾਂ ਵਿੱਚ ਬੱਚੇ ਅਤੇ ਪਰਿਵਾਰ ਨਾਲ ਸਿੱਧਾ ਸੰਪਰਕ ਸ਼ਾਮਲ ਹੋ ਸਕਦਾ ਹੈ, ਹਾਲਾਂਕਿ, ਇਹ ਕੰਮ ਸ਼ੁਰੂਆਤੀ ਬਚਪਨ ਦੇ ਅਧਿਆਪਕ ਦੇ ਸਹਿਯੋਗ ਨਾਲ ਅਤੇ ਉਸ ਦੁਆਰਾ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਜੋ ਬੱਚੇ ਅਤੇ ਪਰਿਵਾਰ ਨਾਲ ਅਧਿਆਪਕ ਦੇ ਨਾਲ ਲਗਾਤਾਰ ਚੱਲ ਰਹੇ ਰਿਸ਼ਤੇ ਦਾ ਆਦਰ ਕਰਦਾ ਹੈ। PSFO ਕਿੰਡਰਗਾਰਟਨ ਮਾਹੌਲ ਵਿੱਚ ਬੱਚੇ ਦਾ ਸਿੱਧੇ ਤੌਰ 'ਤੇ ਨਿਰੀਖਣ ਕਰ ਸਕਦਾ ਹੈ ਅਤੇ ਬੱਚੇ ਦੀਆਂ ਸਮਰੱਥਾਵਾਂ ਦੇ ਨਾਲ-ਨਾਲ ਉਨ੍ਹਾਂ ਦੀਆਂ ਸਿੱਖਿਆ ਅਤੇ ਵਿਕਾਸ ਦੀਆਂ ਲੋੜਾਂ ਦੇ ਅਧਿਆਪਕ ਦੁਆਰਾ ਕੀਤੇ ਜਾਂਦੇ ਮੁਲਾਂਕਣ ਵਿੱਚ ਯੋਗਦਾਨ ਪਾ ਸਕਦਾ ਹੈ। PSFO ਅਧਿਆਪਕ ਨੂੰ ਕਈ ਤਰ੍ਹਾਂ ਦੀਆਂ ਉਪਲਬਧ ਸਹਾਇਤਾਵਾਂ ਦੀ ਪਛਾਣ ਕਰਨ ਅਤੇ ਪਰਿਵਾਰਾਂ ਨੂੰ ਉਨ੍ਹਾਂ ਸਹਾਇਤਾਵਾਂ ਨਾਲ ਜੋੜਨ ਅਤੇ ਕਿੰਡਰਗਾਰਟਨ ਪ੍ਰੋਗਰਾਮ ਵਿੱਚ ਬੱਚੇ ਲਈ ਅਧਿਆਪਕ ਦੇ ਪ੍ਰੋਗਰਾਮ ਦੀ ਯੋਜਨਾਬੰਦੀ ਕਰਨ ਵਿੱਚ ਸਹਾਇਤਾ ਕਰਨ ਲਈ ਸਹਿਯੋਗ ਵੀ ਕਰਦੇ ਹਨ।

ਕਿਉਂਕਿ PSFO ਸੇਵਾ ਵਾਧੂ ਲੋੜਾਂ ਵਾਲੇ ਬੱਚੇ ਦੀਆਂ ਵਿਅਕਤੀਗਤ ਲੋੜਾਂ ਦਾ ਜਵਾਬ ਦੇਣ ਲਈ ਸ਼ੁਰੂਆਤੀ ਬਚਪਨ ਦੇ ਅਧਿਆਪਕਾਂ ਦੀ ਸਹਾਇਤਾ ਕਰਦੀ ਹੈ, ਸ਼ੁਰੂਆਤੀ ਬਚਪਨ ਦੇ ਅਧਿਆਪਕ ਨੂੰ PSFO ਕੋਲੋਂ ਸਹਾਇਤਾ ਲੈਣ ਤੋਂ ਪਹਿਲਾਂ ਬੱਚੇ ਨਾਲ PSFO ਦੀ ਸ਼ਮੂਲੀਅਤ ਲਈ ਮਾਪਿਆਂ/ ਸਰਪ੍ਰਸਤਾਂ/ ਸੰਭਾਲ ਕਰਨ ਵਾਲਿਆਂ ਤੋਂ ਉਨ੍ਹਾਂ ਦੇ ਬੱਚੇ ਬਾਰੇ ਸੂਚਿਤ ਸਹਿਮਤੀ ਲੈਣ ਦੀ ਲੋੜ ਹੁੰਦੀ ਹੈ।

©ਵਿਕਟੋਰੀਆ ਰਾਜ (ਸਿੱਖਿਆ ਅਤੇ ਸਿਖਲਾਈ ਵਿਭਾਗ) 2021। ਇਸ ਤੋਂ ਇਲਾਵਾ ਜਿੱਥੇ ਹੋਰ ਨੋਟ ਕੀਤਾ ਗਿਆ ਹੈ, ਇਸ ਦਸਤਾਵੇਜ਼ ਵਿਚਲੀ ਸਮੱਗਰੀ ਕ੍ਰਿਏਟਿਵ ਕਾਮਨਜ਼ ਐਟਰੀਬਿਊਸ਼ਨ 4.0 ਇੰਟਰਨੈਸ਼ਨਲ ਦੇ ਤਹਿਤ ਪ੍ਰਦਾਨ ਕੀਤੀ ਗਈ ਹੈ ਕਿਰਪਾ ਕਰਕੇ ਪੂਰੇ ਕਾਪੀਰਾਈਟ ਨੋਟਿਸ ਦੀ ਜਾਂਚ ਕਰੋ

## ਕੀ ਮਾਪੇ PSFO ਪ੍ਰੋਗਰਾਮ ਨਾਲ ਸੰਪਰਕ ਕਰ ਸਕਦੇ ਹਨ?

ਮਾਲੀ ਸਹਾਇਤਾ ਪ੍ਰਾਪਤ ਕਿੰਡਰਗਾਰਟਨ ਪ੍ਰੋਗਰਾਮਾਂ ਵਿੱਚਲੇ ਬੱਚਿਆਂ ਦੇ ਮਾਪਿਆਂ ਜਿਨ੍ਹਾਂ ਨੂੰ ਆਪਣੇ ਬੱਚੇ ਦੇ ਵਿਕਾਸ ਬਾਰੇ ਚਿੰਤਾਵਾਂ ਹਨ, ਉਨ੍ਹਾਂ ਨੂੰ ਪਹਿਲੀ ਵਾਰ ਆਪਣੇ ਬੱਚੇ ਦੇ ਸ਼ੁਰੂਆਤੀ ਬਚਪਨ ਦੇ ਅਧਿਆਪਕ ਨਾਲ ਇਹਨਾਂ ਬਾਰੇ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ। ਜਿੱਥੇ ਕੋਈ ਮਾਪਾ ਸਿੱਧਾ PSFO ਪ੍ਰੋਗਰਾਮ ਨਾਲ ਸੰਪਰਕ ਕਰਦਾ ਹੈ, PSFO ਰੈਫ਼ਰਲ ਨੂੰ ਅੱਗੇ ਵਧਾਉਣ ਲਈ ਸੰਬੰਧਿਤ ਅਧਿਆਪਕ ਨਾਲ ਸੰਪਰਕ ਕਰੇਗਾ।

## ਸ਼ੁਰੂਆਤੀ ਬਚਪਨ ਦੇ ਅਧਿਆਪਕਾਂ ਦੀ ਸਮਰੱਥਾ ਦੇ ਨਿਰਮਾਣ ਦਾ ਕੀ ਮਤਲਬ ਹੈ?

PSFO ਦੀ ਸਮਰੱਥਾ ਨਿਰਮਾਣ ਪਹੁੰਚ ਕਿੰਡਰਗਾਰਟਨ ਅਧਿਆਪਕਾਂ ਦੀ ਸਹਾਇਤਾ ਇਸ ਤਰ੍ਹਾਂ ਕਰਦੀ ਹੈ:

- ਕੰਮ ਕਰਨ ਦੇ ਤਰੀਕਿਆਂ ਨੂੰ ਭਰੋਸੇ ਨਾਲ ਲਾਗੂ ਕਰਨ ਲਈ ਗਿਆਨ ਅਤੇ ਹੁਨਰ ਹਾਸਲ ਕਰਨ ਅਤੇ ਅਜਿਹੇ ਪ੍ਰੋਗਰਾਮ ਪ੍ਰਦਾਨ ਕਰਨ ਲਈ ਜੋ ਕਿ ਸ਼ਮੂਲੀਅਤ ਵਾਲੇ ਕਿੰਡਰਗਾਰਟਨ ਮਾਹੌਲ ਵਿੱਚ ਵਾਧੂ ਲੋੜਾਂ ਵਾਲੇ ਬੱਚਿਆਂ ਦੀਆਂ ਵਿਅਕਤੀਗਤ ਯੋਗਤਾਵਾਂ, ਰੁਚੀਆਂ ਅਤੇ ਲੋੜਾਂ ਪ੍ਰਤੀ ਜਵਾਬਦੇਹ ਹੋਣ।
- ਆਪਣੇ ਆਪ ਨੂੰ ਕਿੰਡਰਗਾਰਟਨ ਪ੍ਰੋਗਰਾਮ ਵਿੱਚ ਸਾਰੇ ਬੱਚਿਆਂ ਲਈ ਯੋਜਨਾ ਬਣਾਉਣ ਦੀ ਜ਼ਿੰਮੇਵਾਰੀ ਅਤੇ ਸਮਰੱਥਾ ਦੋਵਾਂ ਦੇ ਰੂਪ ਵਿੱਚ ਦੇਖਣਾ ਅਤੇ ਇਹ ਕਿ ਇਹ ਸਿਰਫ਼ ਵਿਸ਼ੇਸ਼ ਹੁਨਰ ਵਾਲੇ ਮਾਹਰ ਹੀ ਨਹੀਂ ਹਨ ਜੋ ਵਾਧੂ ਲੋੜਾਂ ਵਾਲੇ ਬੱਚਿਆਂ ਦੀ ਸਿੱਖਿਆ ਅਤੇ ਵਿਕਾਸ ਲਈ ਸਹਾਇਤਾ ਪ੍ਰਦਾਨ ਕਰ ਸਕਦੇ ਹਨ।
- ਆਪਣੇ ਬੱਚੇ ਦੇ ਵਿਕਾਸ ਬਾਰੇ ਮਾਪਿਆਂ ਦੀਆਂ ਚਿੰਤਾਵਾਂ ਦਾ ਜਵਾਬ ਦੇਣ ਲਈ।

ਵਧੇਰੇ ਜਾਣਕਾਰੀ ਵਾਸਤੇ ਪ੍ਰੀਸਕੂਲ ਫੀਲਡ ਅਫ਼ਸਰ ਪ੍ਰੋਗਰਾਮ ਵੇਖੋ।



©ਵਿਕਟੋਰੀਆ ਰਾਜ (ਸਿੱਖਿਆ ਅਤੇ ਸਿਖਲਾਈ ਵਿਭਾਗ) 2021। ਇਸ ਤੋਂ ਇਲਾਵਾ ਜਿੱਥੇ ਹੋਰ ਨੋਟ ਕੀਤਾ ਗਿਆ ਹੈ, ਇਸ ਦਸਤਾਵੇਜ਼ ਵਿਚਲੀ ਸਮੱਗਰੀ ਕ੍ਰਿਏਟਿਵ ਕਾਮਨਜ਼ ਐਟਰੀਬਿਊਸ਼ਨ 4.0 ਇੰਟਰਨੈਸ਼ਨਲ ਦੇ ਤਹਿਤ ਪ੍ਰਦਾਨ ਕੀਤੀ ਗਈ ਹੈ ਕਿਰਪਾ ਕਰਕੇ ਪੂਰੇ ਕਾਪੀਰਾਈਟ ਨੋਟਿਸ ਦੀ ਜਾਂਚ ਕਰੋ

# ਕਿੰਡਰਗਾਰਟਨ ਪ੍ਰੋਗਰਾਮਾਂ ਲਈ ਉਪਲਬਧ ਹੋਰ ਸਹਾਇਤਾਵਾਂ

PSFO ਦੀ ਭੂਮਿਕਾ ਹੋਰ ਮਾਹਰ ਸੇਵਾਵਾਂ ਅਤੇ ਕਿੰਡਰਗਾਰਟਨ ਸਹਾਇਤਾਵਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਕਈ ਤਰ੍ਹਾਂ ਦੀਆਂ ਸਹਾਇਤਾਵਾਂ ਦੀ ਪੂਰਕ ਹੈ ਜਿਸ ਵਿੱਚ ਸ਼ਾਮਲ ਹਨ:

- ਸ਼ੁਰੂਆਤੀ ਬਚਪਨ ਦੇ ਅਧਿਆਪਕਾਂ ਦਾ ਪੇਸ਼ੇਵਰ ਵਿਕਾਸ
- ਗੁਣਵੱਤਾ ਅਤੇ ਵਿਧਾਨਕ ਸ਼ੁਰੂਆਤੀ ਬਚਪਨ ਦੀ ਸਿੱਖਿਆ ਅਤੇ ਸੰਭਾਲ ਸਹਾਇਤਾਵਾਂ
- ਸ਼ੁਰੂਆਤੀ ਬਚਪਨ ਦੀਆਂ ਪ੍ਰਬੰਧਕੀ (ਅਰਲੀ ਈਅਰਜ਼ ਮੈਨੇਜਮੈਂਟ) ਸੰਸਥਾਵਾਂ
- ਲੁੱਕਆਉਟ (LOOKOUT) ਸਿੱਖਿਆ ਅਤੇ ਸਹਾਇਤਾ ਕੇਂਦਰ
- ਕੂਰੀ ਇੰਗੇਜਮੈਂਟ ਸੁਪੋਰਟ ਅਫ਼ਸਰ (KESOs) ਅਤੇ ਕੂਰੀ ਐਜੂਕੇਸ਼ਨ ਕੋਆਰਡੀਨੇਟਰਜ਼ (KECs)
- ਸ਼ੁਰੂਆਤੀ ਬਚਪਨ ਦੇ ਦਖਲਅੰਦਾਜ਼ੀ ਪੇਸ਼ੇਵਰ
- ਕਿੰਡਰਗਾਰਟਨ ਸ਼ਮੂਲੀਅਤ ਸਹਿਯੋਗ (ਇਨਕਲੂਜ਼ਨ ਸੁਪੋਰਟ) (KIS) ਪ੍ਰੋਗਰਾਮ
- ਸ਼ੁਰੂਆਤੀ ਸਿੱਖਿਆ (ਅਰਲੀ ਲਰਨਿੰਗ) ਤੱਕ ਪਹੁੰਚ (AEL)
- ਸਕੂਲ ਦੀ ਤਿਆਰੀ ਲਈ ਫ਼ੰਡਿੰਗ
    - SRF ਅਲਾਈਡ ਹੈਲਥ ਸਪੋਰਟ

# PSFO ਪ੍ਰੋਗਰਾਮ ਅਤੇ ਸਕੂਲ ਦੀ ਤਿਆਰੀ ਲਈ ਫ਼ੰਡਿੰਗ (SRF) ਰਾਹੀਂ ਪੇਸ਼ ਕੀਤੀਆਂ ਜਾਂਦੀਆਂ ਸਹਾਇਤਾਵਾਂ ਵਿੱਚ ਕੀ ਅੰਤਰ ਹੈ?

PSFO ਸੇਵਾ ਸ਼ੁਰੂਆਤੀ ਬਚਪਨ ਦੇ ਅਧਿਆਪਕ ਦੇ ਕਹਿਣ 'ਤੇ ਮਾਲੀ ਸਹਾਇਤਾ ਪ੍ਰਾਪਤ ਕਿੰਡਰਗਾਰਟਨ ਪ੍ਰੋਗਰਾਮਾਂ ਲਈ ਉਪਲਬਧ ਹੈ ਜੋ ਵਾਧੂ ਲੋੜਾਂ ਵਾਲੇ ਵਿਅਕਤੀਗਤ ਬੱਚੇ ਨੂੰ ਸ਼ਾਮਲ ਕਰਨ ਵਿੱਚ ਸਹਾਇਤਾ ਦੀ ਬੇਨਤੀ ਕਰਦੇ ਹਨ। PSFO ਦੁਆਰਾ ਪ੍ਰਦਾਨ ਕੀਤੀਆਂ ਰਣਨੀਤੀਆਂ ਕਿੰਡਰਗਾਰਟਨ ਮਾਹੌਲ ਵਿੱਚ ਸ਼ੁਰੂਆਤੀ ਬਚਪਨ ਦੇ ਅਧਿਆਪਕ ਦੁਆਰਾ ਵਿਅਕਤੀਗਤ ਬੱਚੇ ਦੀਆਂ ਜ਼ਰੂਰਤਾਂ ਦੀ ਯੋਜਨਾ ਬਣਾਉਣ ਅਤੇ ਜਵਾਬ ਦੇਣ ਦੀ ਸਮਰੱਥਾ ਨੂੰ ਵਧਾਉਂਦੀਆਂ ਹਨ।

SRF ਵਿੱਦਿਅਕ ਕਮੀਆਂ ਨੂੰ ਹੱਲ ਕਰਨ ਲਈ ਵਾਧੂ ਫੰਡਿੰਗ ਹੈ ਅਤੇ ਕਿੰਡਰਗਾਰਟਨ ਸੇਵਾ ਵਿੱਚ ਸ਼ਾਮਲ ਹੋਣ ਵਾਲੇ ਬੱਚਿਆਂ ਦੇ ਸਮੂਹ ਦੀਆਂ ਵਿੱਦਿਅਕ ਲੋੜਾਂ ਨੂੰ ਨਿਸ਼ਾਨਾ ਬਣਾਉਂਦੀ ਹੈ। SRF ਕਈ ਤਰ੍ਹਾਂ ਦੇ ਪ੍ਰੋਗਰਾਮਾਂ ਅਤੇ ਸਹਾਇਤਾਵਾਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ ਜੋ ਤਿੰਨ ਤਰਜੀਹੀ ਖੇਤਰਾਂ ਵਿੱਚ ਬੱਚਿਆਂ ਦੀ ਸਿੱਖਿਆ ਅਤੇ ਵਿਕਾਸ ਦਾ ਸਮਰਥਨ ਕਰਨ ਲਈ ਅਧਿਆਪਕਾਂ ਅਤੇ ਪਰਿਵਾਰਾਂ ਦੇ ਹੁਨਰ ਅਤੇ ਗਿਆਨ ਦਾ ਨਿਰਮਾਣ ਕਰਦੇ ਹਨ: ਸੰਚਾਰ (ਭਾਸ਼ਾ ਵਿਕਾਸ), ਭਲਾਈ (ਸਮਾਜਿਕ ਭਾਵਨਾਤਮਕ), ਅਤੇ ਪਹੁੰਚ ਅਤੇ ਸ਼ਮੂਲੀਅਤ।
ਵਧੇਰੇ ਜਾਣਕਾਰੀ ਲਈ, ਸਕੂਲ ਦੀ ਤਿਆਰੀ ਲਈ ਫੰਡਿੰਗ 'ਤੇ ਜਾਓ

©ਵਿਕਟੋਰੀਆ ਰਾਜ (ਸਿੱਖਿਆ ਅਤੇ ਸਿਖਲਾਈ ਵਿਭਾਗ) 2021। ਇਸ ਤੋਂ ਇਲਾਵਾ ਜਿੱਥੇ ਹੋਰ ਨੋਟ ਕੀਤਾ ਗਿਆ ਹੈ, ਇਸ ਦਸਤਾਵੇਜ਼ ਵਿਚਲੀ ਸਮੱਗਰੀ ਕ੍ਰਿਏਟਿਵ ਕਾਮਨਜ਼ ਐਟਰੀਬਿਊਸ਼ਨ 4.0 ਇੰਟਰਨੈਸ਼ਨਲ ਦੇ ਤਹਿਤ ਪ੍ਰਦਾਨ ਕੀਤੀ ਗਈ ਹੈ ਕਿਰਪਾ ਕਰਕੇ ਪੂਰੇ ਕਾਪੀਰਾਈਟ ਨੋਟਿਸ ਦੀ ਜਾਂਚ ਕਰੋ